# ਦੇਖਭਾਲ ਅਤੇ ਅਵਸਰਾਂ ਲਈ ਯੋਜਨਾ




## ਰੋਜ਼ਮੱਰਾ ਜੀਵਨ ਨੂੰ ਜਿਆਦਾ ਕਿਫਾਇਤੀ ਬਣਾਉਣਾ

ਓਨਟਾਰਿਓ ਅਰਥਪੂਰਨ ਨਿਵੇਸ਼, ਜਿਹੜੇ ਘਰੇਲੂ ਖਰਚਿਆਂ ਨੂੰ ਘਟਾਉਂਦੇ ਹਨ ਅਤੇ ਤੇਜ਼ ਆਰਥਿਕ ਤਬਦੀਲੀ ਦੇ ਸਮੇਂ ਵਿੱਚ ਹੋਰ ਜ਼ਿਆਦਾ ਵਿੱਤੀ ਸੁਰੱਖਿਆ ਪ੍ਰਦਾਨ ਕਰਦੇ ਹਨ, ਕਰਕੇ ਸਾਰੀਆਂ ਉਮਰਾਂ ਦੇ ਲੋਕਾਂ ਨੂੰ ਅਗੇ ਵੱਧਣ ਵਿੱਚ ਸਹਾਇਤਾ ਕਰ ਰਿਹਾ ਹੈ। ਇਹ ਨਿਵੇਸ਼ ਇਹ ਯਕੀਨੀ ਬਣਾਉਣ ਲਈ ਮਹੱਤਵਪੂਰਨ ਹਨ ਕਿ ਓਨਟਾਰਿਓ ਰਹਿਣ, ਕੰਮ ਕਰਨ ਅਤੇ ਪਰਿਵਾਰ ਨੂੰ ਵੱਡਾ ਕਰਨ ਲਈ ਇੱਕ ਵਧੀਆ ਜਗ੍ਹਾ ਬਣਿਆ ਰਹੇ।



### ਮੁਫਤ ਪ੍ਰੀਸਕੂਲ ਚਾਇਲਡ ਕੇਅਰ

ਢਾਈ ਸਾਲ ਦੇ ਬੱਚਿਆਂ ਲਈ ਉਨ੍ਹਾਂ ਦੇ ਕਿੰਡਰਗਾਰਟਨ ਲਈ ਯੋਗ ਹੋ ਜਾਣ ਤੱਕ ਪ੍ਰੀਸਕੂਲ ਚਾਇਲਡ ਕੇਅਰ ਨੂੰ ਮੁਫਤ ਬਣਾ ਕੇ ਹੋਰ ਜ਼ਿਆਦਾ ਕਿਫਾਇਤੀ ਗੁਣਵੱਤਾ ਵਾਲੀ ਚਾਇਲਡ ਕੇਅਰ ਮੁਹੱਈਆ ਕਰਨਾ। ਇਹ ਇੱਕ ਬੱਚੇ ਵਾਲੇ ਪਰਿਵਾਰ ਲਈ ਔਸਤਨ $17,000 ਬਚਾਉਂਦਾ ਹੈ ਅਤੇ ਉਨ੍ਹਾਂ ਬਚਤਾਂ ਨੂੰ ਵਧਾਉਂਦੇ ਹੋਏ ਹੈ ਜਿਹੜੀਆਂ ਪਰਿਵਾਰ ਫੁੱਲ-ਡੇ ਕਿੰਟਰਗਾਰਟਨ ਤੋਂ ਪ੍ਰਾਪਤ ਕਰਦੇ ਹਨ।



### 65+ ਲਈ ਮੁਫਤ ਨਿਰਦਿਸ਼ਟ ਕੀਤੀਆਂ ਗਈਆਂ ਦਵਾਈਆਂ

OHIP+ ਰਾਹੀਂ 65 ਸਾਲਾਂ ਤੋਂ ਵੱਧ ਉਮਰ ਦੇ ਸਾਰੇ ਲੋਕਾਂ ਵਾਸਤੇ ਨਿਰਦਿਸ਼ਟ ਕੀਤੀਆਂ ਗਈਆਂ ਦਵਾਈਆਂ ਨੂੰ ਪੂਰੀ ਤਰ੍ਹਾਂ ਮੁਫਤ ਕਰਨਾ, ਯਕੀਨੀ ਬਣਾਉਂਦੇ ਹੋਏ ਕਿ ਕੋਈ ਵੀ ਬਜ਼ੁਰਗ ਨਾਗਰਿਕ ਕਦੇ ਵੀ ਜ਼ਰੂਰੀ ਦਵਾਈਆਂ ਤੋਂ ਬਿਨਾਂ ਨਹੀਂ ਰਹਿੰਦਾ। ਓਨਟਾਰਿਓ ਡਰੱਗ ਬੈਨੇਫਿਟ ਦੀ ਸਲਾਨਾ ਕਟੌਤੀ ਅਤੇ ਕੋ-ਪੇ ਨੂੰ ਖਤਮ ਕਰਕੇ, ਇਹ ਓਨਟਾਰਿਓ ਦੇ ਔਸਤ ਬਜ਼ੁਰਗ ਲਈ ਹਰ ਸਾਲ $240 ਦੀ ਬਚਤ ਕਰਦਾ ਹੈ।



### ਦਵਾਈਆਂ ਅਤੇ ਦੰਦਾਂ ਸੰਬੰਧੀ ਖਰਚਿਆਂ ਨੂੰ ਘਟਾਉਣਾ

ਇੱਕ ਨਵੇਂ ਓਨਟਾਰਿਓ ਡਰੱਗ ਐਂਡ ਡੈਂਟਲ ਪ੍ਰੋਗਰਾਮ ਦੀ ਸ਼ੁਰੂਆਤ ਕਰਕੇ ਕੰਮ ਦੇ ਸਥਾਨ ਤੇ ਸਿਹਤ ਸੰਬੰਧੀ ਲਾਭਾਂ ਤੋਂ ਬਿਨਾਂ ਜਾਂ OHIP+ ਜਾਂ ਹੋਰ ਸਰਕਾਰੀ ਪ੍ਰੋਗਰਾਮਾਂ ਦੇ ਹੇਠ ਨਾ ਆਉਣ ਵਾਲੇ ਲੋਕਾਂ ਲਈ, ਹਰ ਸਾਲ ਨਿਰਦਿਸ਼ਟ ਕੀਤੀਆਂ ਗਈਆਂ ਦਵਾਈਆਂ ਅਤੇ ਦੰਦਾਂ ਸੰਬੰਧੀ ਯੋਗ ਖਰਚਿਆਂ ਲਈ, 80 ਪ੍ਰਤੀਸ਼ਤ ਵਾਪਸ ਕਰਨਾ - ਪ੍ਰਤੀ ਇਕੱਲੇ ਵਿਅਕਤੀ ਲਈ $400, ਹਰ ਜੋੜੇ ਲਈ $600 ਅਤੇ ਦੋ ਬੱਚਿਆਂ ਵਾਲੇ ਚਾਰ ਵਿਅਕਤੀਆਂ ਦੇ ਪਰਿਵਾਰ ਲਈ $700 - ਦੇ ਅਧਿਕਤਮ ਤੱਕ।

## ਰਹਿਣ - ਸਹਿਣ ਦੇ ਖਰਚੇ ਵਿੱਚ ਸਹਾਇਤਾ ਕਰਨਾ

ਓਨਟਾਰਿਓ:

- ਨਿਮਨਤਮ ਤਨਖਾਹ ਨੂੰ 1 ਜਨਵਰੀ, 2018 ਨੂੰ $14 ਪ੍ਰਤੀ ਘੰਟੇ ਅਤੇ 1, ਜਨਵਰੀ, 2019 ਨੂੰ $15 ਪ੍ਰਤੀ ਘੰਟੇ ਤੱਕ ਵਧਾ ਕੇ ਓਨਟਾਰਿਓ ਭਰ ਵਿੱਚ 1.2 ਮਿਲਿਅਨ ਲੋਕਾਂ ਵਾਸਤੇ ਲੰਮੇ ਸਮੇਂ ਤੋਂ ਉਡੀਕ ਕੀਤਾ ਜਾ ਰਿਹਾ ਵਾਧਾ ਮੁਹੱਈਆ ਕਰ ਰਿਹਾ ਹੈ।
- ਨਵਾਂ ਸੀਨੀਅਰਜ਼ ਹੈਲਦੀ ਹੋਮ ਪ੍ਰੋਗਰਾਮ ਸ਼ੁਰੂ ਕਰ ਰਿਹਾ ਹੈ। ਇਹ ਵਡੇਰੀ ਉਮਰ ਦੇ ਬਜ਼ੁਰਗ ਲੋਕਾਂ ਦੇ ਘਰ ਵਿੱਚ, ਜਿਥੇ ਉਹ ਰਹਿਣਾ ਚਾਹੁੰਦੇ ਹਨ, ਰਹਿਣ ਨਾਲ ਸੰਬੰਧਤ ਲਾਗਤਾਂ ਨੂੰ ਮਾਨਤਾ ਦਿੰਦਾ ਹੈ। ਇਹ 75 ਸਾਲ ਤੋਂ ਵੱਧ ਉਮਰ ਦੇ ਬਜ਼ੁਰਗਾਂ ਦੀ ਅਗਵਾਈ ਹੇਠ ਯੋਗ ਘਰਾਂ ਨੂੰ ਉਨ੍ਹਾਂ ਨੂੰ ਆਤਮਨਿਰਭਰ ਢੰਗ ਨਾਲ ਜੀਣ ਅਤੇ ਉਨ੍ਹਾਂ ਦੇ ਘਰਾਂ ਦੇ ਰੱਖ-ਰਖਾਅ ਦੇ ਖਰਚਿਆਂ ਨੂੰ ਪੂਰਾ ਕਰਨ ਵਿੱਚ ਸਹਾਇਤਾ ਕਰਨ ਵਾਸਤੇ ਸਾਲਾਨਾ $750 ਤੱਕ ਦਾ ਲਾਭ ਮੁਹੱਈਆ ਕਰਦਾ ਹੈ।
- ਸਧਾਰਨ ਪੱਧਰ ਦੇ ਰੋਜ਼ਾਨਾ ਯਾਤਰੀ ਲਈ ਗੋ ਟਰਾਂਜ਼ਿਟ/ਅਪ (UP) ਐਕਸਪ੍ਰੈਸ ਨੈੱਟਵਰਕ ਅਤੇ ਟੀਟੀਸੀ ਵਿਚਕਾਰ ਟਰਾਂਸਫਰ ਕਰਨ ਵੇਲੇ ਰੋਜ਼ਾਨਾ ਯਾਤਰਾ ਦੇ ਖਰਚਿਆਂ ਨੂੰ ਲਗਭਗ $720 ਪ੍ਰਤੀ ਸਾਲ ਘਟਾ ਰਿਹਾ ਹੈ, ਅਤੇ 1 ਜੁਲਾਈ, 2017 ਤੋਂ ਪਬਲਿਕ ਟਰਾਂਜ਼ਿਟ ਟੈਕਸ ਕ੍ਰੈਡਿਟ ਮੁਹੱਈਆ ਕਰ ਰਿਹਾ ਹੈ ਜਿਹੜਾ ਬਜ਼ੁਰਗਾਂ ਲਈ $450 ਤੱਕ ਬਚਾਉਂਦਾ ਹੈ।
- 1 ਜੁਲਾਈ, 2017 ਤੋਂ ਬਿਜਲੀ ਦੇ ਬਿਲਾਂ ਵਿੱਚ ਔਸਤਨ 25 ਪ੍ਰਤੀਸ਼ਤ ਅਤੇ ਯੋਗ ਦਿਹਾਤੀ ਅਤੇ ਘੱਟ ਆਮਦਨੀ ਵਾਲੇ ਪਰਿਵਾਰਾਂ ਵਾਸਤੇ 40 ਜਾਂ 50 ਪ੍ਰਤੀਸ਼ਤ ਦੀ ਕਟੌਤੀ ਕਰ ਰਿਹਾ ਹੈ।
- ਇਹ ਮੰਗ ਕਰਕੇ ਮਰੀਜ਼ਾਂ ਅਤੇ ਉਨ੍ਹਾਂ ਦੇ ਪਿਆਰਿਆਂ ਤੇ ਵਿੱਤੀ ਭਾਰ ਨੂੰ ਘਟਾ ਰਿਹਾ ਹੈ ਕਿ ਪਾਰਕਿੰਗ ਲਈ ਪ੍ਰਤੀ ਦਿਨ $10 ਤੋਂ ਵੱਧ ਲਗਾਉਣ ਵਾਲੇ ਹਸਪਤਾਲ ਛੋਟ ਵਾਲੇ ਪਾਸ ਪੇਸ਼ ਕਰਨ ਜਿਹੜੇ ਅਕਸਰ ਆਉਣ ਵਾਲੇ ਲੋਕਾਂ ਲਈ ਰੋਜ਼ਾਨਾ ਅਧਿਕਤਮ ਰੇਟਾਂ ਨੂੰ ਘੱਟੋ ਘੱਟ 50 ਪ੍ਰਤੀਸ਼ਤ ਦੀ ਕਟੌਤੀ ਕਰਨ।
- ਲੋਕਾਂ ਲਈ ਪ੍ਰਦੂਸ਼ਣ ਘਟਾਉਣ, ਨਿਕਾਸਾਂ ਨੂੰ ਘੱਟ ਕਰਨ ਅਤੇ ਗ੍ਰੀਨਔਨ (GreenON) ਛੋਟਾਂ ਰਾਹੀਂ  ਊਰਜਾ ਸੰਬੰਧੀ ਲਾਗਤਾਂ ਨੂੰ ਘਟਾ ਕੇ ਆਪਣੇ ਘਰਾਂ ਨੂੰ ਅੱਪਗਰੇਡ ਕਰਨ ਨੂੰ ਹੋਰ ਜ਼ਿਆਦਾ ਕਿਫਾਇਤੀ ਬਣਾ ਰਿਹਾ ਹੈ।  ਇਸ ਦਾ ਮਤਲਬ ਨਵੀਂ ਇੰਨਸੂਲੇਸ਼ਨ ਤੇ $7,200 ਤੱਕ, ਖਿੜਕੀਆਂ ਬਦਲਣ ਤੇ $5,000 ਤੱਕ , ਜਾਂ ਸਰਟੀਫਾਇਡ ਗਰਾਉਂਡ ਸੋਰਸ ਹੀਟ ਪੰਪ ਲਗਾਉਣ ਤੇ $20,000 ਤੱਕ ਦੀਆਂ ਬਚਤਾਂ ਹੋ ਸਕਦੀਆਂ ਹਨ।
- 65 ਅਤੇ 70 ਸਾਲਾਂ ਦੇ ਵਿਚ ਦੇ ਬਜ਼ੁਰਗਾਂ ਲਈ ਮੁਫਤ ਸ਼ਿੰਗਲਜ਼ ਵੈਕਸੀਨ, ਪ੍ਰਤੀ ਵਿਅਕਤੀ ਲਗਭਗ $170 ਦੀ ਬਚਤ, ਮੁਹੱਈਆ ਕਰਕੇ ਜੀਵਨ ਨੂੰ ਜ਼ਿਆਦਾ ਅਸਾਨ ਅਤੇ ਜ਼ਿਆਦਾ ਸਿਹਤਮੰਦ ਬਣਾ ਰਿਹਾ ਹੈ।
- ਓਨਟਾਰਿਓ ਦੇ 17 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਦੰਦਾਂ ਸੰਬੰਧੀ ਮੁਫਤ ਰੋਕਥਾਮ ਕਰਨ ਵਾਲੀਆਂ, ਨਿਯਮਿਤ ਅਤੇ ਐਮਰਜੈਂਸੀ ਸੇਵਾਵਾਂ ਦੇ ਕੇ ਘੱਟ ਆਮਦਨੀ ਵਾਲੇ ਪਰਿਵਾਰਾਂ ਲਈ ਦੰਦਾਂ ਸੰਬੰਧੀ ਦੇਖਭਾਲ ਦੀ ਲਾਗਤ ਦੀ ਬਚਤ ਕਰ ਰਿਹਾ ਹੈ।

## ਚਾਇਲਡ ਕੇਅਰ ਵਿੱਚ ਨਿਵੇਸ਼ ਕਰਨਾ

ਓਨਟਾਰਿਓ:

- ਢਾਈ ਸਾਲ ਦੇ ਬੱਚਿਆਂ ਲਈ ਉਨ੍ਹਾਂ ਦੇ ਕਿੰਡਰਗਾਰਟਨ ਲਈ ਯੋਗ ਹੋ ਜਾਣ ਤੱਕ ਪ੍ਰੀਸਕੂਲ ਚਾਇਲਡ ਕੇਅਰ ਨੂੰ ਮੁਫਤ ਬਣਾ ਕੇ ਹੋਰ ਜ਼ਿਆਦਾ ਕਿਫਾਇਤੀ ਗੁਣਵੱਤਾ ਵਾਲੀ ਚਾਇਲਡ ਕੇਅਰ ਮੁਹੱਈਆ ਕਰਨਾ। ਇਹ ਇੱਕ ਬੱਚੇ ਵਾਲੇ ਪਰਿਵਾਰ ਲਈ ਔਸਤਨ $17,000 ਬਚਾਉਂਦਾ ਹੈ ਅਤੇ ਉਨ੍ਹਾਂ ਬਚਤਾਂ ਨੂੰ ਵਧਾਉਂਦਾ ਹੈ ਜਿਹੜੀਆਂ ਪਰਿਵਾਰ ਫੁੱਲ-ਡੇ ਕਿੰਟਰਗਾਰਟਨ ਤੋਂ ਪ੍ਰਾਪਤ ਕਰਦੇ ਹਨ।
- 100,000 ਤੋਂ ਵੱਧ ਚਾਇਲਡ ਕੇਅਰ ਸਥਾਨ ਬਣਾ ਰਿਹਾ ਹੈ ਤਾਂ ਕਿ ਹੋਰ ਜ਼ਿਆਦਾ ਪਰਿਵਾਰਾਂ ਕੋਲ ਉੱਚ – ਗੁਣਵੱਤਾ ਵਾਲੀ, ਕਿਫਾਇਤੀ ਚਾਇਲਡ ਕੇਅਰ ਤੱਕ ਦੀ ਪਹੁੰਚ ਹੋ ਸਕੇ - ਅਤੇ ਸਾਰੇ ਨਵੇਂ ਸਥਾਨਾਂ ਵਿੱਚੋਂ ਲਗਭਗ 60 ਪ੍ਰਤੀਸ਼ਤ ਲਈ ਸਬਸਿਡੀਆਂ ਵਾਲੇ ਪਰਿਵਾਰਾਂ ਵਾਸਤੇ ਵਾਧੂ ਵਿੱਤੀ ਸਹਾਰੇ ਪੇਸ਼ ਕਰ ਰਿਹਾ ਹੈ।
- ਸਕੂਲ ਬੋਰਡਾਂ ਕੋਲੋਂ  ਜ਼ਿਆਦਾਤਰ ਐਲੀਮੈਂਟਰੀ ਸਕੂਲਾਂ ਵਿੱਚ ਪ੍ਰੋਗਰਾਮ ਮੁਹੱਈਆ ਕਰਨ ਦੀ ਮੰਗ ਕਰਕੇ 12 ਸਾਲ ਤੱਕ ਦੀ ਉਮਰ ਦੇ ਬੱਚਿਆਂ ਵਾਲੇ ਪਰਿਵਾਰਾਂ ਨੂੰ ਸਕੂਲ ਤੋਂ ਪਹਿਲਾਂ ਅਤੇ ਬਾਅਦ ਦੇ ਦੇਖਭਾਲ ਪ੍ਰੋਗਰਾਮਾਂ ਤੱਕ ਬਿਹਤਰ ਪਹੁੰਚ ਪ੍ਰਦਾਨ ਕਰ ਰਿਹਾ ਹੈ।.

## ਵਿਦਿਆਰਥੀਆਂ ਨੂੰ ਸਹਿਯੋਗ ਦੇਣਾ

ਓਨਟਾਰਿਓ:

- ਸਾਰੀਆਂ ਉਮਰਾਂ ਦੇ 225,000 ਤੋਂ ਵੱਧ ਵਿਦਿਆਰਥੀਆਂ ਵਾਸਤੇ ਕਾਲਜ ਅਤੇ ਯੂਨੀਵਰਸਿਟੀ ਟਿਊਸ਼ਨ ਨੂੰ ਮੁਫਤ ਬਣਾਉਣਾ। ਘੱਟ ਅਤੇ ਦਰਮਿਆਨੀ ਆਮਦਨੀਆਂ ਵਾਲੇ ਪਰਿਵਾਰਾਂ ਤੋਂ ਵਿਦਿਆਰਥੀਆਂ ਲਈ ਮੁਫਤ ਜਾਂ ਘੱਟ ਟਿਊਸ਼ਨ ਉਪਲੱਬਧ ਹੈ; $90,000 ਤੱਕ ਕਮਾਉਣ ਵਾਲਿਆਂ ਲਈ ਟਿਊਸ਼ਨ ਮੁਫਤ ਹੈ ਅਤੇ $175,000 ਤੱਕ ਕਮਾਉਣ ਵਾਲੇ ਪਰਿਵਾਰਾਂ ਤੋਂ ਆਉਣ ਵਾਲੇ ਵਿਦਿਆਰਥੀ ਵੀ ਵਿੱਤੀ ਸਹਾਇਤਾ ਲਈ ਯੋਗ ਹਨ।
- ਫਾਲ 2018 ਵਿੱਚ ਸ਼ੁਰੂਆਤ ਕਰਕੇ, ਦਰਮਿਆਨੀ ਆਮਦਨੀ ਵਾਲੇ ਪਰਿਵਾਰਾਂ ਜਾਂ ਸ਼ਾਦੀਸ਼ੁਦਾ ਵਿਦਿਆਰਥੀਆਂ ਲਈ ਓਸੈਪ (OSAP) ਲਈ ਯੋਗ ਹੋਣ ਅਤੇ ਹੋਰ ਜ਼ਿਆਦਾ ਵਿੱਤੀ ਸਹਾਇਤਾ ਪ੍ਰਾਪਤ ਕਰਨ ਨੂੰ ਜ਼ਿਆਦਾ ਅਸਾਨ ਬਣਾ ਰਿਹਾ ਹੈ।
- ਓਨਟਾਰਿਓ ਓਪਨ ਟੈਕਸਟਬੁਕਸ ਪਹਿਲ ਰਾਹੀਂ ਮੁਫਤ ਆਨਲਾਇਨ ਟੈਕਸਟਬੁਕਾਂ ਅਤੇ ਸਿੱਖਿਆ ਸੰਬੰਧੀ ਸਾਧਨ ਮੁਹੱਈਆ ਕਰਕੇ 5,000 ਤੋਂ ਵੱਧ ਵਿਦਿਆਰਥੀਆਂ ਲਈ $520,000 ਤੋਂ ਵੱਧ ਬਚਾ ਰਿਹਾ ਹੈ।
- ਓਸੈਪ (OSAP) ਕਰਜ਼ੇ ਦੀ ਮੁੜ ਅਦਾਇਗੀ ਨੂੰ ਹੋਰ ਜ਼ਿਆਦਾ ਲਚਕੀਲਾ ਬਣਾ ਰਿਹਾ ਹੈ। ਇਕੱਲੇ (ਸਿੰਗਲ) ਵਿਦਿਆਰਥੀਆਂ ਨੂੰ ਉਨ੍ਹਾਂ ਦੇ ਵਿਦਿਆਰਥੀ ਕਰਜ਼ਿਆਂ ਦੇ ਓਨਟਾਰਿਓ ਹਿੱਸੇ ਦੀ ਮੁੜ ਅਦਾਇਗੀ ਉਸ ਵੇਲੇ ਤੱਕ ਸ਼ੁਰੂ ਨਹੀਂ ਕਰਨੀ ਪਏਗੀ ਜਦੋਂ ਤੱਕ ਉਹ ਘੱਟੋ-ਘੱਟ  $35,000 ਸਾਲਾਨਾ ਨਹੀਂ ਕਮਾ ਰਹੇ ਹਨ, ਪਹਿਲਾਂ ਦੇ ਨਿਮਨਤਮ $25,000 ਤੋਂ $10,000 ਦਾ ਵਾਧਾ।

## ਘਰ ਖਰੀਦਣ ਦੀ ਸਮਰੱਥਾ (affordability) ਨੂੰ ਸੁਧਾਰਨਾ

ਓਨਟਾਰਿਓ:

- 1 ਜਨਵਰੀ, 2107 ਤੋਂ, ਪਹਿਲੀ ਵਾਰੀ ਘਰ ਖਰੀਦਣ ਵਾਲਿਆਂ ਲਈ ਲੈਂਡ ਟ੍ਰਾਂਸਫਰ ਟੈਕਸ ਦੀ ਵਾਪਸ ਕੀਤੀ ਜਾਣ ਵਾਲੀ ਅਧਿਕਤਮ ਰਕਮ ਨੂੰ $4,000 ਤੱਕ ਦੋਗੁਨਾ ਕਰਕੇ ਹੋਰ ਜ਼ਿਆਦਾ ਲੋਕਾਂ ਵਾਸਤੇ ਉਨ੍ਹਾਂ ਦੇ ਪਹਿਲੇ ਘਰ ਨੂੰ ਖਰੀਦਣਾ ਜ਼ਿਆਦਾ ਅਸਾਨ ਬਣਾ ਰਿਹਾ ਹੈ। ਇਸ ਦਾ ਮਤਲਬ ਹੈ ਕਿ ਓਨਟਾਰਿਓ ਵਿੱਚ ਯੋਗ ਘਰ ਖਰੀਦਣ ਵਾਲੇ ਘਰ ਦੀ ਕੀਮਤ ਦੇ ਪਹਿਲੇ $368,000 ਤੇ ਕੋਈ ਲੈਂਡ ਟ੍ਰਾਂਸਫਰ ਟੈਕਸ ਨਹੀਂ ਦੇਣਗੇ।
- ਰੈਂਟ ਕੰਟਰੋਲ ਨੂੰ ਨਿਜੀ ਮਾਰਕਿਟ ਦੇ ਕਿਰਾਏ ਦੇ ਯੁਨਿਟਾਂ ਤੱਕ ਵਧਾ ਰਿਹਾ ਹੈ ਅਤੇ ਫੇਅਰ ਹਾਊਸਿੰਗ ਪਲਾਨ ਰਾਹੀਂ ਰਿਹਾਇਸ਼ੀ ਬਜ਼ਾਰ ਨੂੰ ਮੁੜ ਸੰਤੁਲਤ ਹੋਣ ਵਿੱਚ ਸਹਾਇਤਾ ਕਰ ਰਿਹਾ ਹੈ।